

## ਕੈਲੀਫੋ਼ਰਨੀਆ ਪੇਡ ਫ਼ੈਮਲੀ ਲੀਵ ਦੇ ਬਾਰੇ

ਕੰਮ ਕਰਨ ਵਾਲੇ ਬਹੁਤੇ ਕੈਲੇਫੋਰਨੀਆ ਵਾਸੀਆਂ ਨੂੰ, ਆਪਣੇ ਕਿਸੇ ਅਜੀਜ਼ ਦੇ ਨਾਲ ਰਹਿਣ ਲਈ ਸਮਾਂ ਕੱਢਣਾ ਮੁਸ਼ਕਲ ਹੋ ਸਕਦਾ ਹੈ ਜਦੋਂ ਉਹਨਾਂ ਨੂੰ ਇਸਦੀ ਬਹੁਤ ਜਰੂਰਤ ਹੁੰਦੀ ਹੈ। ਕੈਲੀਫੋ਼ਰਨੀਆ ਪੇਡ ਫ਼ੈਮਲੀ ਲੀਵ ਪਰੋ਼ਗਰਾਮ ਉਨਹਾਂ ਮਹਤੱਵਪੁਰਨ ਪਲਾਂ ਲਈ ਬਣਾਇਆ ਗਿਆ ਸੀ - ਜਦੋਂ ਤੁਸੀ ਇੱਕ ਨਵ-ਜਨਮੇ ਬੱਚੇ ਨਾਲ ਬੌਂਡਿੰਗ ਕਰ ਰਹੇ ਹੋ ਜਾਂ ਕਿਸੇ ਗੰਭੀਰ ਬਿਮਾਰ ਪਰਿਵਾਰਕ ਮੈਂਬਰ ਦੀ ਸੰਭਾਲ ਕਰਦੇ ਹੋ।

## ਕੈਲੀਫੋ਼ਰਨੀਆ ਪੇਡ ਫ਼ੈਮਲੀ ਲੀਵ ਬਾਰੇ ਤੇਜ਼ ਤੱਥ

ਇੱਕ ਨਵ-ਜਨਮੇ ਬੱਚੇ ਦੇ ਨਾਲ ਬੌਂਡਿੰਗ ਬਨਾਉਣ ਲਈ (ਜਨਮ, ਗੋਦ ਲੈਣ ਜਾਂ ਪਾਲਣ-ਪੋਸ਼ਣ ਸੰਬੰਧੀ ਦੇਖਭਾਲ ਦੁਆਰਾ) ਜਾਂ ਕਿਸੇ ਗੰਭੀਰ ਬੀਮਾਰ ਪਰਿਵਾਰਕ ਮੈਂਬਰ (ਬੱਚਾ, ਮਾਤਾ-ਪਿਤਾ, ਸੱਸ-ਸਹੁਰਾ, ਦਾਦਾ-ਦਾਦੀ, ਪੋਤਾ/ਪੋਤੀ, ਭੈਣ/ਭਰਾ, ਪਤੀ/ਪਤਨੀ ਜਾਂ ਰਜਿਸਟਰਡ ਘਰੇਲੂ ਪਾਰਟਨਰ) ਦੀ ਦੇਖਭਾਲ ਲਈ, ਛੇ ਹਫ਼ਤਿਆਂ ਤੱਕ ਤਨਖਾਹ ਤਬਦੀਲੀ ਲਾਭ ਪਰ੍ਦਾਨ ਕੀਤੇ ਜਾਂਦੇ ਹਨ।

ਇੱਕ ਵਾਰ ਵਿੱਚ ਹੀ ਪੂਰੇ ਲਾਭ ਲੈਣ ਦੀ ਲੋੜ ਨਹੀਂ ਹੈ।

ਤੁਹਾਡੀ ਛੁੱਟੀ ਦੇ ਦੌਰਾਨ ਤੁਹਾਡੀ ਤਨਖਾਹ ਦਾ ਤਕਰੀਬਨ 60 ਤੋਂ 70 ਫ਼ੀਸਦੀ ਹਿੱਸਾ ਮੁਹੱਈਆ ਕੀਤਾ ਜਾਂਦਾ ਹੈ।

ਤੁਹਾਡੇ ਰਾਜਕੀ ਅਪਾਹਜਤਾ ਬੀਮਾ ਟੈਕਸ ਵਿਦਹੋਲਡਿੰਗ ਰਾਹੀ ਇਸਦਾ ਭੁਗਤਾਨ ਕੀਤਾ ਜਾਂਦਾ ਹੈ, ਇਸ ਲਈ ਤੁਹਾਡੇ ਯੋਗ ਹੋਣ ਦੀ ਵਧੇਰੀ ਸੰਭਾਵਨਾ ਹੈ ਜੇਕਰ ਤੁਸੀ ਰਾਜਕੀ ਅਪਾਹਜਤਾ ਬੀਮਾ ਵਿੱਚ (ਤਨਖਾਹ ਸਲਿੱਪਾਂ 'ਤੇ "CASDI") ਜਾਂ ਪਿਛਲੇ 5 ਤੋਂ 18 ਮਹੀਨਿਆਂ ਵਿਚ ਕਿਸੇ ਯੋਗ ਸਵੈ-ਇੱਛਤ ਯੋਜਨਾ ਵਿੱਚ ਭੁਗਤਾਨ ਕੀਤਾ ਹੈ।

ਇੱਕ ਨਵ-ਜਨਮੇ ਬੱਚੇ ਨਾਲ ਬੌਂਡਿੰਗ ਬਨਾਉਣ ਲਈ, ਪਰਿਵਾਰ ਵਿੱਚ ਆਉਣ ਵਾਲੇ ਬੱਚੇ ਦੇ ਪਹਿਲੇ 12 ਮਹੀਨਿਆਂ ਵਿਚਕਾਰ ਤੁਸੀ ਕਿਸੇ ਵੀ ਸਮੇਂ ਛੁੱਟੀ ਲੈ ਸਕਦੇ ਹੋ।

CALIFORNIA
PAID FAMILY LEAVE
**moments matter.**

## ਕੈਲੀਫੋ਼ਰਨੀਆ ਵਿੱਚ, ਇਹ ਕਨੂੰਨ ਹੈ।

ਪੇਡ ਫ਼ੈਮਲੀ ਲੀਵ ਬੈਨੇਫਿ਼ਟ:
ਕੈਲੀਫੋ਼ਰਨੀਆ ਦੇ ਲੋਕਾਂ ਨੂੰ ਬੇਸ਼ਕੀਮਤੀ ਪਲਾਂ ਵਿਚ ਮੌਜੂਦ ਰਹਿਣ ਲਈ ਲੋੜੀਂਦਾ ਸਮਾਂ ਪਰ੍ਦਾਨ ਕਰਦੇ ਹੋਏ।

| | |
|---|---|
| ਅੰਗਰੇਜ਼ੀ | 1-877-238-4373 |
| ਸਪੈਨਿਸ਼ | 1-877-379-3819 |
| ਕੈਂਟੋਨੀਜ਼ | 1-866-692-5595 |
| ਵਿਅਤਨਾਮੀ | 1-866-692-5596 |
| ਆਰਮੀਨੀਆਈ | 1-866-627-1567 |
| ਪੰਜਾਬੀ | 1-866-627-1568 |
| ਤਾਗਾਲੋਗ | 1-866-627-1569 |
| **TTY** | 1-800-445-1312 |

ਕਲੇਮ ਫ਼ਾਰਮ ਲੈਣ ਲਈ, ਜਾਣਕਾਰੀ ਪਰ੍ਾਪਤ ਕਰਨ ਲਈ, ਜਾਂ ਇੱਕ ਪਰ੍ਤੀਨਿਧੀ ਨਾਲ ਗੱਲ ਕਰਨ ਲਈ, ਪੇਡ ਫ਼ੈਮਲੀ ਲੀਵ ਜਾਂ ਅਪਾਹਜਤਾ ਬੀਮਾ ਦਫ਼ਤਰ ਜਾਇਆ ਜਾ ਸਕਦਾ ਹੈ।
ਕਿਸੇ ਦਫਤਰ ਦਾ ਪਤਾ ਲਗਾਉਣ ਲਈ **edd.ca.gov/Disability/Contact_SDI.htm** ਤੇ ਜਾਓ।

Employment Development Department
State of California

### ਵਧੇਰੀ ਜਾਣਕਾਰੀ ਲਈ, ਵੇਖੋ:
**CaliforniaPaidFamilyLeave.com**

EDD ਸਮਾਨ ਮੌਕੇ ਦੇਣ ਵਾਲਾ ਰੁਜ਼ਗਾਰਦਾਤਾ/ਪਰ੍ੋਗਰਾਮ ਹੈ। ਬੇਨਤੀ ਕਰਨ ਤੇ ਅਸਮਰੱਥ ਲੋਕਾਂ ਲਈ ਵਾਧੂ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। 1-866-490-8879 (ਵੌਂਇਸ) 'ਤੇ ਕਾਲ ਕਰਕੇ ਸੇਵਾਵਾਂ, ਏਡਜ਼ ਅਤੇ / ਜਾਂ ਦੂਜੇ ਫਾਰਮੈਟ ਲਈ ਬੇਨਤੀਆਂ ਕੀਤੀਆਂ ਜਾ ਸਕਦੀਆਂ ਹਨ।
TTY ਵਰਤੋਂਕਾਰ, ਕਿਰਪਾ ਕਰਕੇ 711 'ਤੇ California Relay Service ਨੂੰ ਫ਼ੋਨ ਕਰੋ।





ਕੈਲੀਫੋ਼ਰਨੀਆ ਪੇਡ ਫ਼ੈਮਲੀ ਲੀਵ

# ਕੈਲੀਫ਼ੋਰਨੀਆ ਦੇ ਲੋਕਾਂ ਦੀ ਬੇਸ਼ਕੀਮਤੀ ਪਲਾਂ ਵਿੱਚ ਮੌਜੂਦ ਰਹਿਣ ਲਈ ਮਦਦ ਕਰਨਾ।





## ਕੀ ਮੈਂ ਕੈਲੀਫ਼ੋਰਨੀਆ ਪੇਡ ਫ਼ੈਮਲੀ ਲੀਵ ਲਈ ਯੋਗ ਹਾਂ?

ਪੇਡ ਫ਼ੈਮਲੀ ਲੀਵ ਦੇ ਲਈ ਯੋਗ ਹੋਣ ਲਈ, ਤੁਹਾਡੇ ਲਈ ਹੇਠ ਲਿਖੀਆਂ ਲੋੜਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ:

- ਇੱਕ ਗੰਭੀਰ ਬਿਮਾਰ ਪਰਿਵਾਰਕ ਮੈਂਬਰ ਦੀ ਦੇਖਭਾਲ ਜਾਂ ਨਵ-ਜਨਮੇ ਬੱਚੇ ਦੇ ਨਾਲ ਬਾਂਡਿੰਗ ਲਈ ਕੰਮ ਤੋਂ ਸਮਾਂ ਕੱਢਣਾ ਜਰੂਰੀ ਹੈ।
- ਰਾਜਕੀ ਅਪਾਹਜਤਾ ਬੀਮਾ (ਜਾਂ ਰਾਜਕੀ ਅਪਾਹਜਤਾ ਬੀਮਾ ਦੇ ਬਦਲੇ ਇੱਕ ਸਵੈ-ਇੱਛਤ ਯੋਜਨਾ) ਹੇਠ ਕਵਰ ਹੋਣਾ।
- ਪਿਛਲੇ 5 ਤੋਂ 18 ਮਹੀਨਿਆਂ ਵਿੱਚ ਘੱਟੋ ਘੱਟ $300 ਕਮਾਇਆ ਹੈ।
- ਆਪਣੀ ਫ਼ੈਮਲੀ ਲੀਵ ਸ਼ੁਰੂ ਕਰਨ ਤੋਂ ਬਾਅਦ 41 ਦਿਨਾਂ ਦੇ ਅੰਦਰ ਆਪਣਾ ਦਾਅਵਾ ਪੇਸ਼ ਕਰੋ। ਆਪਣੀ ਛੁੱਟੀ ਦੇ ਪਹਿਲੇ ਦਿਨ ਤੋਂ ਪਹਿਲਾਂ ਫਾਇਲ ਨਾ ਕਰੋ।

ਜੇ ਤੁਹਾਡੇ ਨਿਯੋਕਤਾ ਵੱਲੋਂ ਲੋੜੀਦਾ ਹੋਵੇ, ਤਾਂ ਤੁਹਾਨੂੰ ਦੋ ਹਫ਼ਤਿਆਂ ਤੱਕ ਦੀਆਂ ਨਾ ਵਰਤੀਆਂ ਗਈਆਂ ਛੁੱਟੀਆਂ ਦੇ ਪੇਡ-ਟਾਇਮ ਔਂਫ ਦੀ ਵਰਤੋਂ ਕਰਨੀ ਚਾਹੀਦੀ ਹੈ। ਆਪਣੇ ਨਿਯੋਕਤਾ ਦੀਆਂ ਲੋੜਾਂ ਦੀ ਪੁਸ਼ਟੀ ਕਰਨ ਲਈ ਆਪਣੇ ਮਾਨਵ ਸੰਸਾਧਨ ਵਿਭਾਗ ਨਾਲ ਗੱਲ ਕਰੋ।

## ਫ਼ਾਇਦਿਆਂ ਦੀ ਰਕਮ ਦਾ ਹਿਸਾਬ ਕਿੰਝ ਲਗਾਇਆ ਜਾਂਦਾ ਹੈ?

ਕੈਲੀਫ਼ੋਰਨੀਆ ਪੇਡ ਫ਼ੈਮਲੀ ਲੀਵ ਤੁਹਾਡੀ ਹਫ਼ਤਾਵਾਰੀ ਤਨਖਾਹ ਦਾ ਤਕਰੀਬਨ 60 ਤੋਂ 70 ਫ਼ੀਸਦੀ ($50 ਤੋਂ $1,252 ਤੱਕ ਹਫ਼ਤਾਵਾਰ) ਤੱਕ ਪਰ੍ਦਾਨ ਕਰਦੀ ਹੈ।

ਤੁਹਾਡੇ ਦਾਅਵੇ ਦੀ ਸੁਰੂਆਤ ਤੋਂ ਪਹਿਲਾਂ, ਪਿੱਛਲੇ 5 ਤੋਂ 18 ਮਹੀਨਿਆਂ ਵਿੱਚ ਤੁਹਾਡੀ ਉੱਚਤਮ ਤਿਮਾਹੀ ਆਮਦਨੀ ਤੋਂ ਫ਼ਾਇਦੇ ਦੀ ਰਕਮ ਦਾ ਹਿਸਾਬ ਲਗਾਇਆ ਜਾਂਦਾ ਹੈ। ਰੁਜ਼ਗਾਰ ਵਿਕਾਸ ਮਹਿਕਮੇ ਕੋਲ **edd.ca.gov/PFL_Calculator** 'ਤੇ ਇਕ ਔਂਨਲਾਈਨ ਕੈਲਕੁਲੇਟਰ ਹੈ ਜੋ ਤੁਹਾਡੇ ਹਫ਼ਤੇਵਾਰ ਫ਼ਾਇਦੇ ਦੀ ਰਕਮ ਦਾ ਅੰਦਾਜ਼ਾ ਲਗਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

ਜੇ ਤੁਸੀ ਲਾਭ ਪਰ੍ਾਪਤ ਕਰਨ ਦੇ ਯੋਗ ਪਾਏ ਜਾਂਦੇ ਹੋ, ਤਾਂ ਤੁਹਾਡੇ ਕੋਲ ਇਹ ਵਿਕਲਪ ਹੁੰਦਾ ਹੈ ਕਿ ਤੁਸੀ ਆਪਣੇ ਲਾਭਾਂ ਦਾ ਭੁਗਤਾਨ ਕਿਵੇਂ ਪਰ੍ਾਪਤ ਕਰਨਾ ਚਾਹੁੰਦੇ ਹੋ: Bank of America ਦੇ ਰਾਹੀਂ EDD Debit Card℠ ਦੁਆਰਾ ਜਾਂ EDD ਵੱਲੋਂ ਭੇਜੇ ਜਾਂਦੇ ਚੈਂਕ ਦੁਆਰਾ।







## ਕੀ ਪੇਡ ਫ਼ੈਮਲੀ ਲੀਵ ਨੌਂਕਰੀ ਦੀ ਸੁਰੱਖਿਆ ਪਰ੍ਦਾਨ ਕਰਦੀ ਹੈ?

ਕੈਲੀਫ਼ੋਰਨੀਆ ਪੇਡ ਫ਼ੈਮਲੀ ਲੀਵ ਨੌਂਕਰੀ ਦੀ ਸੁਰੱਖਿਆ ਜਾਂ ਕੰਮ ਤੇ ਵਾਪਸ ਜਾਣ ਦਾ ਹੱਕ ਪਰ੍ਦਾਨ ਨਹੀਂ ਕਰਦੀ ਹੈ। ਹਾਲਾਂਕਿ, ਦੂਜੇ ਕਨੂੰਨਾਂ ਵਿੱਚ ਨੌਂਕਰੀ ਦੀ ਸੁਰੱਖਿਆ ਪਰ੍ਦਾਨ ਕੀਤੀ ਜਾ ਸਕਦੀ ਹੈ (ਜੇ ਤੁਸੀ ਯੋਗ ਹੋ), ਜਿਵੇਂ ਕਿ ਫੈਡਰਲ ਫ਼ੈਮਿਲੀ ਅਤੇ ਮੈਡੀਕਲ ਲੀਵ ਐਕਟ, ਕੈਲੀਫੋਰਨੀਆ ਫ਼ੈਮਲੀ ਰਾਈਟਸ ਐਕਟ, ਜਾਂ ਨਵਾਂ ਪੇਰੈਂਟ ਲੀਵ ਐਕਟ। ਆਪਣੀ ਕੰਪਨੀ ਦੀ ਨੀਤੀ ਦੇ ਅਨੁਸਾਰ, ਨੌਂਕਰੀ ਛੱਡਣ ਦੀ ਆਪਣੀ ਯੋਜਨਾ ਅਤੇ ਨੌਂਕਰੀ ਛੱਡਣ ਦੇ ਕਾਰਨ ਦੇ ਬਾਰੇ ਆਪਣੇ ਰੁਜ਼ਗਾਰਦਾਤਾ ਨੂੰ ਸੂਚਿਤ ਕਰੋ।

## ਮੈਂ ਲਾਭਾਂ ਲਈ ਕਿਵੇਂ ਅਰਜ਼ੀ ਦੇਵਾਂ?

SDI ਆਨਲਾਈਨ ਦੀ ਵਰਤੋਂ ਕਰਦੇ ਹੋਏ ਕੈਲੀਫ਼ੋਰਨੀਆ ਪੇਡ ਫ਼ੈਮਲੀ ਲੀਵ ਲਾਭਾਂ ਲਈ ਅਰਜੀ ਦਿਓ। ਵਧੇਰੇ ਜਾਣਕਾਰੀ ਲਈ **edd.ca.gov/SDI_Online** 'ਤੇ ਜਾਓ।

ਤੁਸੀ ਕਾਗਜ਼ੀ ਫ਼ਾਰਮ ਦੀ ਵਰਤੋਂ ਕਰਕੇ ਵੀ ਅਰਜ਼ੀ ਦੇ ਸਕਦੇ ਹੋ। *Claim for Paid Family Leave Benefits*, DE 2501F (ਪੈਡ ਫ਼ੈਮਲੀ ਲੀਵ ਬੈਨੀਫ਼ਿਟ ਲਈ ਦਾਅਵਾ) ਫਾਰਮ ਲਈ ਬੇਨਤੀ ਕਰਨ ਲਈ **edd.ca.gov/Forms** 'ਤੇ ਜਾਓ।

ਦੇਖਭਾਲ ਦੇ ਦਾਅਵਿਆਂ ਲਈ, ਇਹ ਵਿਖਾਉਂਦੇ ਹੋਏ ਡਾਕਟਰੀ ਪਰ੍ਮਾਣੀਕਰਨ ਪੇਸ਼ ਕਰੋ ਕਿ ਦੇਖਭਾਲ ਪਰ੍ਾਪਤ ਕਰਤਾ ਦੀ ਗੰਭੀਰ ਸਿਹਤ-ਸਬੰਧੀ ਸਥਿਤੀ ਹੈ ਅਤੇ ਉਸਨੂੰ ਤੁਹਾਡੀ ਦੇਖਭਾਲ ਦੀ ਲੋੜ ਹੈ। ਇਹ ਦੇਖਭਾਲ ਕਰਤਾ ਦੇ ਡਾਕਟਰ / ਪਰ੍ਰੈਕਟੀਸ਼ਨਰ ਦੁਆਰਾ ਪੂਰਾ ਕੀਤਾ ਜਾਣਾ ਚਾਹੀਦਾ ਹੈ। ਦੇਖਭਾਲ ਪਰ੍ਾਪਤਕਰਤਾ ਬਾਰੇ ਜਾਣਕਾਰੀ ਅਤੇ ਉਨਹ੍ਾਂ ਦੇ ਦਸਤਖਤ ਦੀ ਵੀ ਲੋੜ ਹੁੰਦੀ ਹੈ।

ਬੌਂਡਿੰਗ ਦੇ ਦਾਅਵਿਆਂ ਲਈ, ਤੁਹਾਡੇ ਅਤੇ ਤੁਹਾਡੇ ਬੱਚੇ ਦੇ ਵਿਚਕਾਰ ਸਬੰਧ ਦੇ ਸਬੂਤ ਦਿਖਾਉਣ ਲਈ ਦਸਤਾਵੇਜ਼ ਪਰ੍ਦਾਨ ਕਰਨਾ ਲਾਜ਼ਮੀ ਹੈ (ਉਦਾਹਰਨ ਲਈ, ਬੱਚੇ ਦੇ ਜਨਮ ਸਰਟੀਫਿਕੇਟ ਦੀ ਇੱਕ ਕਾਪੀ, ਗੋਦ ਲੈਣ ਲਈ ਪਲੇਸਮੈਂਟ ਕਰਾਰ, ਜਾਂ ਪਾਲਣ ਪੋਸਣ ਬਾਰੇ ਦੇਖਭਾਲ ਪਲੇਸਮੇਂਟ ਰਿਕਾਰਡ)।

ਜੇ ਤੁਸੀ ਵਰਤਮਾਨ ਵਿੱਚ ਗਰਭ ਅਵਸਥਾ ਨਾਲ ਸਬੰਧਤ ਅਪਾਹਜਤਾ ਬੀਮਾ ਲਾਭ ਲੈ ਰਹੇ ਹੋ, ਤਾਂ ਪੇਡ ਫ਼ੈਮਲੀ ਲੀਵ ਫਾਰਮ ਦੀ ਬੇਨਤੀ ਕਰਨਾ ਜ਼ਰੂਰੀ ਨਹੀਂ ਹੈ। ਤੁਹਾਡਾ ਗਰਭ ਅਵਸਥਾ ਸਬੰਧੀ ਅਪਾਹਜਤਾ ਦਾਅਵਾ ਖ਼ਤਮ ਹੋਣ 'ਤੇ, ਬੌਂਡਿੰਗ ਦਾ ਦਾਅਵਾ ਦਾਇਰ ਕਰਲ ਦਾ ਫ਼ਾਰਮ ਤੁਹਾਡੇ SDI Online ਖਾਤੇ ਜਾਂ ਡਾਕ ਰਾਹੀਂ ਭੇਜ ਦਿੱਤਾ ਜਾਵੇਗਾ।

ਜੇਕਰ ਤੁਸੀ ਕਿਸੇ ਸਵੈ-ਇੱਛਤ ਯੋਜਨਾ ਹੇਠ ਕਵਰਡ ਹੋ, ਤਾਂ ਆਪਣੀ ਕਵਰੇਜ ਅਤੇ ਲਾਭਾਂ ਲਈ ਅਰਜ਼ੀ ਦੇਣ ਦੇ ਤਰੀਕੇ ਬਾਰੇ ਹਿਦਾਇਤਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਆਪਣੇ ਮਾਲਕ ਨਾਲ ਸੰਪਰਕ ਕਰੋ।

ਜੇ ਤੁਹਾਡਾ ਦਾਅਵਾ ਨਾਮਨਜ਼ੂਰ ਕਰ ਦਿੱਤਾ ਜਾਂਦਾ ਹੈ, ਤਾਂ ਤੁਸੀਂ ਇਹਨਾਂ ਦੇ ਹੱਕਦਾਰ ਹੋ:

- ਇਨਕਾਰ ਕਰਨ ਦਾ ਕਾਰਨ ਜਾਣਨਾ।
- ਲਾਭਾਂ ਲਈ ਤੁਹਾਡੀ ਯੋਗਤਾ ਬਾਰੇ ਫ਼ੈਸਲੇ ਦੀ ਅਪੀਲ ਕਰਨਾ। ਅਪੀਲਾਂ ਬਾਰੇ ਜਾਣਕਾਰੀ ਲਈ **edd.ca.gov/Disability/Appeals.htm**'ਤੇ ਜਾਓ।

ਕਨੂੰਨ ਦੁਆਰਾ ਮਨਜ਼ੂਰਸ਼ੁਦਾ ਮਕਸਦਾਂ ਤੋਂ ਇਲਾਵਾ ਦਾਅਵਾ-ਸਬੰਧੀ ਸਾਰੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ।